


# ਪੰਜਾਬ ਤੇ ਕੈਨੇਡਾ ਵਿਚਾਲੇ ਮਜ਼ਬੂਤ ਸੱਭਿਆਚਾਰਕ ਤੇ ਵਪਾਰਕ ਸਾਂਝ - ਕ੍ਰਿਸਟੋਫਰ ਗਿਬਿਨ

## ਡਿਪਟੀ ਕਮਿਸ਼ਨਰ ਨੇ ਮੋਗਾ ਜ਼ਿਲ੍ਹੇ ਦੇ ਲੋਕਾਂ ਨਾਲ ਸਬੰਧਤ ਮੁਸ਼ਕਲਾਂ ਬਾਰੇ ਕੀਤਾ ਵਿਚਾਰ-ਵਟਾਂਦਰਾ



ਮੋਗਾ/ ਮਵਦੀਲਾ ਬਿਓਰੋ:

ਪੰਜਾਬ ਦਾ ਸੱਭਿਆਚਾਰਕ, ਸਿੱਖਿਆ, ਕਿੱਤਾ-ਮੁਖੀ ਸਿੱਖਿਆ ਅਤੇ ਪੰਜਾਬ ਸਰਕਾਰ ਅਤੇ ਲੋਕਾਂ ਨੂੰ ਸੇਵਾ ਦੇ ਅਧਿਕਾਰ ਕਾਨੂੰਨ ਆਦਿ ਤਹਿਤ ਦਿੱਤੀਆਂ ਜਾ ਰਹੀਆਂ ਸੇਵਾਵਾਂ ਆਦਿ ਸਬੰਧੀ ਜਾਣਕਾਰੀ ਲੈਣ ਦੇ ਮਕਸਦ ਨਾਲ ਕੈਨੇਡਾ ਦੇ ਚੰਡੀਗੜ੍ਹ ਸਥਿਤ ਕੌਂਸਲੇਟ ਜਨਰਲ ਮਿਸਟਰ ਕ੍ਰਿਸਟੋਫਰ ਗਿਬਿਨ ਵੱਲੋਂ ਅੱਜ ਮੋਗਾ ਦਾ ਦੌਰਾ ਕੀਤਾ। ਡਿਪਟੀ ਕਮਿਸ਼ਨਰ ਸ: ਕੁਲਦੀਪ ਸਿੰਘ ਵੈਦ ਮਿਸਟਰ ਕ੍ਰਿਸਟੋਫਰ ਗਿਬਿਨ ਦਾ ਮੋਗਾ ਵਿਖੇ ਪੁੱਜਣ ਤੇ ਸਵਾਗਤ ਕੀਤਾ, ਉਨ੍ਹਾਂ ਦੇ ਨਾਲ ਐਸ.ਐਸ.ਪੀ ਮੋਗਾ ਸ: ਹਰਜੀਤ ਸਿੰਘ ਪੰਨੂ ਅਤੇ ਵਧੀਕ ਡਿਪਟੀ ਕਮਿਸ਼ਨਰ ਅਰਵਿੰਦਪਾਲ ਸਿੰਘ ਸੰਧੂ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਗਿਬਿਨ ਨੂੰ ਮੋਗਾ ਜ਼ਿਲ੍ਹੇ ਦੇ ਇਤਿਹਾਸਕ ਪਿਛੋਕੜ ਬਾਰੇ ਵਿਸਥਾਰ ਪੂਰਵਿਕ ਜਾਣਕਾਰੀ ਦਿੱਤੀ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਜਿਵੇਂ ਕਿ ਵਿਕਾਸ ਕਾਰਜਾਂ, ਸਕਿੱਲ ਡਿਵੈਲਪਮੈਂਟ ਸੈਂਟਰਾਂ, ਸੁਵਿਧਾ ਕੇਂਦਰਾਂ, ਸਾਂਝ ਕੇਂਦਰਾਂ ਅਤੇ ਫਰਦ ਕੇਂਦਰਾਂ ਆਦਿ ਦੀਆਂ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਮੌਕੇ ਕੈਨੇਡਾ ਦੇ ਕੌਂਸਲੇਟ ਮਿਸਟਰ ਕ੍ਰਿਸਟੋਫਰ ਗਿਬਿਨ ਨੇ ਕਿਹਾ ਕਿ ਕੈਨੇਡਾ ਤੇ ਪੰਜਾਬ ਵਿਚਕਾਰ ਮਜ਼ਬੂਤ ਸੱਭਿਆਚਾਰਕ, ਭਾਈਚਾਰਕ ਤੇ ਵਪਾਰਕ ਸਾਂਝ ਹੈ ਜੋ ਕਿ ਦਿਨੋ-ਦਿਨ ਹੋਰ ਮਜ਼ਬੂਤ ਹੋ ਰਹੀ ਹੈ। ਉਨ੍ਹਾਂ ਮੋਗਾ ਜ਼ਿਲ੍ਹੇ ਵਿੱਚ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਦਿੱਤੀ ਜਾ ਰਹੀ ਕਿੱਤਾਮੁਖੀ ਟ੍ਰੇਨਿੰਗ ਸੁਵਿਧਾ ਕੇਂਦਰਾਂ ਵਿੱਚ ਇੱਕ ਹੀ ਛੱਤ ਥੱਲੇ ਸਮਾਂਬੱਦ ਉਤਸਾਹਿਤ ਕਰਨ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਟਰਾਂਸਪੋਰਟ ਅਫਸਰ ਅਨੀਤਾ ਦਰਸੀ, ਐਸ.ਡੀ.ਐਮ ਮੋਗਾ ਸੁਰਿੰਦਰ ਕੌਰ, ਐਸ.ਡੀ.ਐਮ ਧਰਮਕੋਟ ਜਸਪਾਲ ਸਿੰਘ ਗਿੱਲ, ਐਸ.ਪੀ.ਐਮ ਬਾਘਾਪੁਰਾਣਾ ਨਿਧੀ ਕਲੋਘਰਾ, ਮਾਲ ਅਫਸਰ ਸਵੇਤਾ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੀਰਥ ਸਿੰਘ ਮਾਹਲਾ ਅਤੇ ਸਰਕਲ ਪ੍ਰਧਾਨ ਕੁਲਦੀਪ ਸਿੰਘ ਵੀ ਹਾਜ਼ਰ ਸਨ।

# ਸਿੰਚਾਈ ਮੰਤਰੀ ਸ. ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਮੋਗਾ 'ਚ 1.30 ਕਰੋੜ ਰੁਪਏ ਦੀ ਲਾਗਤ ਵਾਲੇ 1.25 ਏਕੜ ਵਿੱਚ ਬਣੇ ਆਟੋਮੇਟਿਡ ਡਰਾਈਵਿੰਗ ਟੈਸਟ ਅਤੇ ਸਿਖਲਾਈ ਕੇਂਦਰ ਦਾ ਉਦਘਾਟਨ

## ਟਰੈਕ ਤੇ ਹੀ ਟੈਸਟ ਪਾਸ ਕਰਨ ਉਪਰੰਤ ਮੌਕੇ 'ਤੇ ਹੀ ਮੁਹੱਈਆ ਕਰਵਾਏ ਜਾਣਗੇ ਡਰਾਈਵਿੰਗ ਲਾਇਸੰਸ





ਮੋਗਾ / ਇਕਬਾਲ ਖੋਸਾ

ਸਿੰਚਾਈ ਮੰਤਰੀ ਸ: ਸ਼ਰਨਜੀਤ ਸਿੰਘ ਢਿੱਲੋਂ ਨੇ ਅੱਜ ਮੋਗਾ ਜਿਲੇ ਦੇ ਪਿੰਡ ਸਿੰਘਾਂ ਵਾਲਾ ਵਿਖੇ 1 ਕਰੋੜ 30 ਲੱਖ ਰੁਪਏ ਦੀ ਲਾਗਤ ਵਾਲੇ 1.25 ਏਕੜ ਵਿੱਚ ਬਣੇ ਆਟੋਮੇਟਿਡ ਡਰਾਈਵਿੰਗ ਟੈਸਟ ਅਤੇ ਸਿਖਲਾਈ ਕੇਂਦਰ ਦਾ ਉਦਘਾਟਨ ਕੀਤਾ।

ਉਨ੍ਹਾਂ ਕਿਹਾ ਕਿ ਇਸ ਕੇਂਦਰ ਤੇ ਲਰਨਿੰਗ ਅਤੇ ਡਰਾਈਵਿੰਗ ਲਾਈਸੈਂਸ ਟੈਸਟ ਪਾਸ ਕਰਨ ਤੋਂ ਬਾਅਦ ਮੌਕੇ 'ਤੇ ਹੀ ਉਪਲਬੱਧ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਸੜਕ ਹਾਦਸਿਆਂ ਨੂੰ ਘਟਾਉਣ ਅਤੇ ਡਰਾਈਵਿੰਗ ਲਾਇਸੰਸ ਬਨਾਉਣ ਦੀ ਸਮੁੱਚੀ ਪ੍ਰਕਿਰਿਆ ਵਿੱਚ ਵਧੇਰੇ ਪਾਰਦਰਸਤਾ ਲਿਆਉਣ ਲਈ ਰਾਜ ਦੇ ਸਾਰੇ ਜ਼ਿਲਿਆਂ ਵਿੱਚ ਅਜਿਹੇ ਡਰਾਈਵਿੰਗ ਟੈਸਟ ਟਰੈਕ ਸੈਂਟਰ ਬਣਵਾਏ ਗਏ ਹਨ ਜਿਸ ਨਾਲ ਬਿਨੈਕਾਰਾਂ ਨੂੰ ਭਵਿੱਖ ਵਿੱਚ ਲਾਇਸੰਸ ਬਣਵਾਉਣ ਲਈ ਕੋਈ ਸਮੱਸਿਆ ਪੇਸ਼ ਨਹੀਂ ਆਵੇਗੀ।

ਉਨਾਂ ਦੱਸਿਆ ਕਿ ਸੂਬੇ ਦੇ ਉਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਦੇ ਉਪਰਾਲੇ ਸਦਕਾ ਈ-ਗਵਰਨੈਂਸ ਜ਼ਰੀਏ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਹੋਰ ਪ੍ਰਫੁਲੱਤ ਕਰਨ ਲਈ ਉਕਤ ਅਤਿ-ਆਧੁਨਿਕ ਡਰਾਈਵਿੰਗ ਟਰੈਕ ਹੋਂਦ ਵਿਚ ਲਿਆਂਦੇ ਗਏ ਹਨ। ਉਨ੍ਹਾਂ ਦੱਸਿਆ ਕਿ ਟਰੈਕ ਦੇ ਖੁੱਲਣ ਨਾਲ ਟਰਾਂਸਪੋਰਟ ਵਿਭਾਗ ਦੇ ਕੰਮ ਵਿਚ ਹੋਰ ਪਾਰਦਰਸ਼ਤਾ ਆਵੇਗੀ, ਡਰਾਇਵਿੰਗ ਟਰੈਕ ਦੀ ਸ਼ੁਰੂਆਤ ਹੋਣ ਨਾਲ ਬਿਨੈਕਾਰਾਂ ਨੂੰ ਇਕ ਸਥਾਨ 'ਤੇ ਹੀ ਸਮੇਂ-ਸਿਰ ਲਾਈਸੈਂਸ ਪ੍ਰਦਾਨ ਹੋਣਾ ਆਰੰਭ ਹੋ ਜਾਵੇਗਾ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਖੱਜਲ-ਖੁਆਰੀ ਦਾ ਸਾਹਮਣਾ ਵੀ ਨਹੀਂ ਕਰਨਾ ਪਵੇਗਾ।

ਉਨ੍ਹਾਂ ਦੱਸਿਆ ਕਿ ਡਰਾਈਵਿੰਗ ਲਾਇਸੈਂਸ ਲਈ ਆਨ-ਲਾਈਨ ਬਿਨੈ ਕਰਨ ਉਪਰੰਤ ਟੈਸਟ ਲਿਆ ਜਾਵੇਗਾ ਅਤੇ ਟੈਸਟ ਪਾਸ ਕਰਨ ਤੋਂ ਬਾਅਦ ਮੌਕੇ 'ਤੇ ਲਾਇਸੈਂਸ ਮੁਹੱਈਆ ਕਰਵਾ ਦਿੱਤਾ ਜਾਵੇਗਾ।

ਡਿਪਟੀ ਕਮਿਸ਼ਨਰ ਸ਼੍ਰੀ ਕੁਲਦੀਪ ਸਿੰਘ ਵੈਦ ਨੇ ਦੱਸਿਆ ਕਿ ਟਰੈਕ ਤੋਂ ਇਲਾਵਾ ਡਰਾਈਵਿੰਗ ਦੀ ਸਿਖਲਾਈ ਦੇਣ ਲਈ ਸਰਕਾਰ ਵਲੋਂ ਮਰੂਤੀ ਸਜ਼ੂਕੀ ਪ੍ਰਾਈਵੇਟ ਲਿਮਟਿਡ ਨਾਲ ਇਥੇ ਇਕ ਡਰਾਇਵਿੰਗ ਸੈਂਟਰ ਖੋਲਣ ਸਬੰਧੀ ਐਮ.ਓ.ਯੂ ਸਾਈਨ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਟੈਸਟ ਜ਼ਿਲਾ ਟਰਾਂਸਪੋਰਟ ਵਿਭਾਗ ਵੱਲੋਂ ਲਿਆ ਜਾਵੇਗਾ ਅਤੇ ਸਿਖਲਾਈ ਮਰੂਤੀ ਸਜ਼ੂਕੀ ਪ੍ਰਾਈਵੇਟ ਲਿਮਟਿਡ ਵਲੋਂ ਦਿੱਤੀ ਜਾਵੇਗੀ।

ਇਸ ਸਮੇਂ ਹੋਰਨਾਂ ਤੋ ਇਲਾਵਾ ਵਿਧਾਇਕ ਸ਼੍ਰੀ ਜੋਗਿੰਦਰ ਪਾਲ ਜੈਨ, ਮੇਅਰ ਅਕਸ਼ਤ ਜੈਨ, ਵਧੀਕ ਮੇਅਰ ਅਨਿਲ ਬਾਂਸਲ, ਚੇਅਰਮੈਨ ਹੈਲਥ ਸਿਸਟਮ ਕਾਰਪੋਰੇਸ਼ਨ ਬਰਜਿੰਦਰ ਸਿੰਘ ਬਰਾੜ, ਚੇਅਰਮੈਨ ਜਿਲਾ ਪ੍ਰੀਸਦ ਬੀਬੀ ਅਮਰਜੀਤ ਕੌਰ ਸਾਹੋਕੇ, ਚੇਅਰਮੈਨ ਜੈਨਕੋ ਜਗਤਾਰ ਸਿੰਘ ਰਾਜੇਆਣਾ, ਵਧੀਕ ਡਿਪਟੀ ਕਮਿਸ਼ਨਰ ਅਰਵਿੰਦਪਾਲ ਸਿੰਘ ਸੰਧੂ, ਜਿਲਾ ਟਰਾਂਸਪੋਰਟ ਅਫਸਰ ਅਨੀਤਾ ਦਰਸੀ, ਰਣਵਿੰਦਰ ਸਿੰਘ ਰਾਮੂ ਵਾਲੀਆ, ਜਗਜੀਤ ਸਿੰਘ ਜੌੜਾ ਪੀ.ਏ ਟੂ ਚੇਅਰਮੈਨ ਤੀਰਥ ਸਿੰਘ ਮਾਹਲਾ ਤੋ ਇਲਵਾ ਪ੍ਰੋਫੈਸਰ ਜਸਵਿੰਦਰ ਧਨਾਨਸੂ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।

# ਮੋਗਾ ਵਿਚਲਾ ਲੁਧਿਆਣਾ-ਫਿਰੋਜ਼ਪੁਰ ਰੋਡ ਛੇ-ਮਾਰਗੀ ਪ੍ਰੋਜੈਕਟ ਦਾ ਹਿੱਸਾ ਨਵੰਬਰ ਤੱਕ ਹੋ ਜਾਵੇਗਾ ਪੂਰਾ-ਡਿਪਟੀ ਕਮਿਸ਼ਨਰ



ਮੋਗਾ / ਮਨਮੋਹਨ ਚੀਮਾ

ਡਿਪਟੀ ਕਮਿਸ਼ਨਰ ਸ੍ਰ: ਕੁਲਦੀਪ ਸਿਘ ਵੈਦ ਨੇ ਦੱਸਿਆ ਹੈ ਕਿ ਲੁਧਿਆਣਾ ਤੋਂ ਫਿਰੋਜ਼ਪੁਰ ਤੱਕ ਜਾਣ ਵਾਲੀ ਨੈਸ਼ਨਲ ਹਾਈਵੇ 95 ਦਾ ਮੋਗਾ ਵਿਚਲਾ ਹਿੱਸਾ ਇਸ ਸਾਲ ਨਵੰਬਰ ਮਹੀਨੇ ਤੱਕ ਪੂਰਾ ਹੋ ਜਾਵੇਗਾ। ਉਨ੍ਹਾਂ ਅੱਜ ਆਪਣੇ ਕੈਂਪ ਦਫਤਰ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਉਚ ਪੱਧਰੀ ਮੀਟਿੰਗ ਕੀਤੀ ਅਤੇ ਇਸ ਉਪਰੰਤ ਮੌਕੇ 'ਤੇ ਜਾ ਕੇ ਕਦਾ ਜਾਇਜ਼ਾ ਵੀ ਲਿਆ।

ਸ਼੍ਰੀ ਵੈਦ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੁਧਿਆਣਾ ਤੋ ਫਿਰੋਜ਼ਪੁਰ ਤੱਕ ਸੜਕ ਨੂੰ ਛੇ-ਮਾਰਗੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੁੱਝ ਕਾਰਨਾਂ ਕਰਕੇ ਇਸ ਸੜਕ ਦਾ ਕੰਮ ਧੀਮੀ ਗਤੀ ਨਾਲ ਚੱਲ ਰਿਹਾ ਸੀ ਪਰ ਹੁਣ ਸਾਰੇ ਅਧਿਕਾਰੀਆਂ ਅਤੇ ਕੰਪਨੀ ਦੇ ਨੁਮਾਇੰਦਿਆਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਮੋਗਾ ਜ਼ਿਲ੍ਹੇ ਵਿਚਲਾ ਸੜਕ ਦਾ ਕੰਮ ਇਸ ਸਾਲ ਨਵੰਬਰ ਦੇ ਮਹੀਨੇ ਤੱਕ ਪੂਰਾ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਹ ਇਸ ਪ੍ਰੋਜੈਕਟ ਦੀ ਖੁਦ ਨਿੱਜੀ ਤੌਰ 'ਤੇ ਨਿਗਰਾਨੀ ਵੀ ਕਰਨਗੇ। ਮੀਟਿੰਗ ਵਿੱਚ ਉਨ੍ਹਾਂ ਨਾਲ ਨੈਸ਼ਨਲ ਹਾਈਵੇ, ਜੰਗਲਾਤ ਵਿਭਾਗ, ਬਿਜਲੀ ਵਿਭਾਗ, ਨਗਰ ਨਿਗਮ, ਬੀ.ਐਡ.ਆਰ. ਅਤੇ ਇਸ ਪ੍ਰੋਜੈਕਟ ਨਾਲ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮੇਰਾ ਮਕਸਦ ਸਮਾਜ 'ਚ ਘੁਮਦੇ ਵਹਿਸ਼ੀ ਦਰਿੰਦਿਆਂ ਨੂੰ ਪਿੰਜਰੇ ਅੰਦਰ ਬੰਦ ਕਰਨਾ ਹੈ - ਐਡਵੋਕੇਟ ਅਮਿਤ ਘਈ



ਮੋਗਾ / ਮਨਜੀਤ ਸਰਾਂ ਅੱਜ ਦੇ ਯੁਗ 'ਚ ਕੋਈ ਕਿਸੇ ਨੂੰ ਇਕ ਗਿਲਾਸ ਪਾਣੀ ਦੇਣ ਦਾ ਵੀ ਜਿਗਰਾ ਨਹੀ ਪੈਂਦਾ ਹੈ ਪਰ ਪੰਜਾਬ ਹਰਿਆਣਾ ਹਾਈ ਕੋਰਟ ਦੇ ਇਕ ਹੋਣਹਾਰ ਐਡਵੋਕੇਟ ਅਮਿਤ ਘਈ ਇਕ ਅਜਿਹੇ ਐਡਵੋਕੇਟ ਹਨ, ਜਿਨ੍ਹਾਂ ਨੇ ਇਹ ਸ਼ਰੇਆਮ ਐਲਾਨ ਕੀਤਾ ਹੈ ਕਿ ਓਹ ਹਰ ਵਾਰ ਵਰਗ ਦੀ ਔਰਤ ਚਾਹੇ ਓਹ ਦਾਜ ਲਈ ਸੁਹਰਿਆਂ ਹਥੋਂ ਪੀੜਤ ਹੋਵੇ, ਬਲਾਤਕਾਰ ਪੀੜਤ ਹੋਵੇ, ਤੇਜ਼ਾਬ ਜਾਂ ਅੱਗ ਲਾਉਣ ਵਾਲੇ ਲੋਕਾਂ ਤੋਂ ਪੀੜਤ ਹੋਵੇ ਜਾਂ ਕਿਸੇ ਵੀ ਤਰਾਂ ਹੋਰ ਪੀੜਤ ਹੋਵੇ। ਓਹ ਸਭ ਨੂੰ ਬਿਲਕੁਲ ਮੁਫਤ ਕਾਨੂੰਨੀ ਸਹਾਇਤਾ ਦੇਣਗੇ ਅਤੇ ਇਨਸਾਫ਼ ਦੁਆਉਣਗੇ।

ਮੋਗਾ ਸ਼ਹਿਰ ਦੇ ਜੰਮਪਲ ਅਮਿਤ ਘਈ ਨੇ ਇਹ ਸਹਾਇਤਾ ਕੇਂਦਰ ਮੋਗਾ 'ਚ ਖੋਲਿਆ ਹੈ ਤੇ ਛੇਤੀ ਹੀ ਓਹ ਲੁਧਿਆਣਾ, ਜਲੰਧਰ ਅਤੇ ਹੋਰਨਾਂ ਸ਼ਹਿਰਾਂ 'ਚ ਵੀ ਇਹ ਮੁਫਤ ਸਹਾਇਤਾ ਕੇਂਦਰ ਖੋਲ ਰਹੇ ਹਨ। ਜਦੋਂ ਅਸੀਂ ਘਈ ਸਾਹਿਬ ਨੂੰ ਪੁਛਿਆ ਹੈ ਕਿ ਇਨਾਂ ਮੁਫਤ ਕੇਂਦਰਾਂ ਦਾ ਮਕਸਦ ਕੀ ਹੈ? ਤਾਂ ਓਹਨਾਂ ਨੇ ਕਿਹਾ ਕਿ ਮਨਜੀਤ ਜੀ! ਪੈਸਾ ਤਾਂ ਇਨਸਾਨ ਸਾਰੀ ਉਮਰ ਕਮਾਉਂਦਾ ਹੈ ਪਰ ਦੁਖੀਆਂ ਦੀਆਂ ਦੁਆਵਾਂ ਕਮਾਉਣ ਦਾ ਇਕ ਅਲਗ ਹੀ ਸਵਾਦ ਹੁੰਦਾ ਹੈ ਅਤੇ ਮੇਰਾ ਮਕਸਦ ਸਮਾਜ 'ਚ ਘੁਮਦੇ ਵਹਿਸ਼ੀ ਦਰਿੰਦਿਆਂ ਨੂੰ ਪਿੰਜਰੇ ਅੰਦਰ ਬੰਦ ਕਰਨਾ ਹੈ ਤਾਂ ਕਿ ਸਾਡੀਆਂ ਬਹੂ ਬੇਟੀਆਂ ਕਿਸੇ ਵੀ ਸਮੇ ਬੇਖੌਫ਼ ਹੋ ਕੇ ਤੁਰ ਸਕਣ ਅਤੇ ਓਨਾਂ ਨੇ ਕਿਹਾ ਕੋਈ ਵੀ ਦੁਖੀ ਮੇਰੇ ਨਾਲ ਦਿੱਤੇ ਨੰਬਰਾਂ ਤੇ ਕਿਸੇ ਸਮੇ ਮੈਨੂੰ ਫੋਨ ਕਰ ਸਕਦਾ ਹੈ ਤੇ ਮੈਂ ਹਰ ਵਕਤ ਸੇਵਾ ਲਈ ਹਾਜ਼ਿਰ ਹਾਂ।

# ਮੋਗਾ ਨੇੜਲੇ ਪਿੰਡਾਂ ਵਿੱਚ ਰਾਤ ਨੂੰ ਨਸ਼ਾ ਵੇਚਣ ਆਉਂਦੇ ਤਸਕਰਾਂ ਨੂੰ ਡਾਂਗਾ ਨਾਲ ਘੇਰਨ ਲੱਗੀਆਂ ਬੀਬੀਆਂ

ਮੋਗਾ/ ਫੇਸਬੁੱਕ 'ਚੋਂ - ਮੋਗੇ ਜ਼ਿਲ੍ਹੇ ਦੇ ਨਿਹਾਲ ਸਿੰਘ ਵਾਲਾ ਸਬ ਡਵੀਜ਼ਨ 'ਚ ਇਨ੍ਹਾਂ ਬੀਬੀਆਂ ਨੇ ਪੁਲਿਸ ਤੋਂ ਨਿਰਾਸ਼ ਹੋ ਕੇ ਸਮਾਜ ਸੁਧਾਰ ਦੇ ਕਾਰਜ ਆਪਣੇ ਹੱਥ ਵਿੱਚ ਲਏ।

ਪੰਜਾਬ ਦੀ ਮੌਜੂਦਾ ਸਰਕਾਰ ਕਹਿ ਰਹੀ ਹੈ ਕਿ ਪੰਜਾਬ ਵਿੱਚ ਨਸ਼ਾ ਹੈ ਹੀ ਨਹੀਂ ਐਵੇਂ ਬਦਨਾਮ ਕੀਤਾ ਜਾ ਰਿਹਾ ਹੈ। ਪੰਜਾਬ ਪੁਲਿਸ ਵੀ ਇਨ੍ਹਾਂ ਲੀਡਰਾਂ ਦੀ ਰਖੇਲ ਬਣ ਕੇ ਰਹਿ ਗਈ ਹੈ ਅਤੇ ਉਨ੍ਹਾਂ ਦੇ ਇਸ਼ਾਰੇ ਤੇ ਲੋਕਾਂ ਉੱਤੇ ਅੱਤਿਆਚਾਰ ਹੀ ਕਰ ਰਹੀ ਹੈ। ਨਸ਼ਾ ਵੇਚਣ ਵਾਲਿਆਂ ਦੀ ਰਖਵਾਲੀ ਕਰਕੇ ਆਏ ਦਿਨ ਹੋ ਰਹੇ ਜ਼ੁਰਮਾਂ ਨੂੰ ਬੜਾਵਾ ਹੀ ਦਿੱਤਾ ਜਾ ਰਿਹਾ ਹੈ। ਇਸ ਗੱਲ ਤੋਂ ਨਿਰਾਸ਼ ਹੋ ਕੇ ਬੀਬੀਆਂ ਨੇ ਸਮਾਜ ਸੁਧਾਰ ਦੇ ਕਾਰਜ ਆਪਣੇ ਹੱਥ ਵਿੱਚ ਲਏ।

